ਸਟੇਟ ਡਰੱਗ ਲਾਇਸੈਂਸਿੰਗ ਅਥਾਰਟੀ,
ਡਾਇਰੈਕਟੋਰੇਟ ਆਫ ਆਯੁਰਵੈਦਾ ਪੰਜਾਬ,
ਸੈਕਟਰ-11-ਡੀ।
ਚੰਡੀਗੜ੍ਹ।

ਸੇਵਾ ਵਿਖੇ,

ਮੈ/ਸ: **Vaid Dhanvantari Ayurveda**
Sangrur Road, Ubhawal, Sangrur

ਨੰ: ਆਯੂ-ਡੀ1-ਪੰਬ-2022/2116
ਮਿਤੀ, ਚੰਡੀਗੜ੍ਹ 27/12/2022

ਵਿਸ਼ਾ:- ਆਯੂਰਵੈਦਿਕ/ਯੂਨਾਨੀ ਦਵਾਈਆਂ ਬਣਾਉਣ ਦਾ ਲਾਇਸੈਂਸ ਦਾ GMP ਰਿਨਿਊ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਆਪ ਦੀ ਅਰਜੀ ਨੰ: ਨਿਲ ਮਿਤੀ ਨਿਲ ਦੇ ਹਵਾਲੇ ਵਿਚ।

2. ਆਯੂਰਵੈਦਿਕ ਯੂਨਾਨੀ ਦਵਾਈਆਂ ਬਣਾਉਣ ਦਾ ਲਾਇਸੈਂਸ ਨੰਬਰ-762 ਆਯੂ-ਪੰਬ ਮਿਤੀ 05-12-17 ਇਹ ਲਾਇਸੈਂਸ ਮਿਤੀ 05-12-2022 ਤੋਂ ਮਿਤੀ **04-12-27** ਤੱਕ GMP ਸਰਟੀਫਿਕੇਟ ਹੇਠ ਦਿੱਤੀਆਂ ਸ਼ਰਤਾਂ ਤਹਿਤ ਪ੍ਰਵਾਨ (ਵੈਲਿਡ) ਸਮਝਿਆ ਜਾਵੇਗਾ:-

1. ਆਪ ਕੇਵਲ ਉਹੀ ਦਵਾਈਆਂ ਤਿਆਰ ਕਰੋਗੇ, ਜਿਸ ਦੀ ਅਪਰੂਵਲ ਲਾਇਸੈਂਸਿੰਗ ਅਥਾਰਟੀ ਦੇਵੇਗੀ।
2. ਆਪ ਦਵਾਈਆਂ ਬਣਾਉਣ ਲਈ ਵਰਤਿਆਂ ਜਾਣ ਵਾਲਾ ਕੱਚਾ ਮਾਲ ਡਰੱਗ ਐਕਟ/ਰੂਲਾਂ ਅਨੁਸਾਰ ਪ੍ਰਮਾਣਤ/ਅਸਲ ਹੋਣ ਬਾਰੇ ਟੈਸਟ/ਐਨੈਲਿਸਿਜ ਕਰਵਾਓਗੇ ਅਤੇ ਅਸਲ (ਜੈਨਓਨ) ਮਾਲ ਹੀ ਦਵਾਈਆਂ ਬਣਾਉਣ ਲਈ ਵਰਤਿਆ ਜਾਵੇਗਾ।
3. ਆਪ ਆਪਣੀ ਫਾਰਮੇਸੀ ਦੇ ਟੈਸਟਾਂ ਐਨੈਲਿਸਿਜ/ਮੈਨੂੰਫੈਕਚਰਿੰਗ/ਸਟਾਕ ਅਤੇ ਲਾਇਸੈਂਸ ਆਦਿ ਦਾ ਯੋਗ ਰਿਕਾਰਡ ਰੱਖੋਗੇ।
4. ਅਪਰੂਵਡ ਤਕਨੀਕੀ ਵਿਅਕਤੀ ਦੀ ਗੈਰ-ਮੋਜੂਦਗੀ ਵਿੱਚ ਆਪ ਕੋਈ ਦਵਾਈ ਤਿਆਰ ਨਹੀਂ ਕਰੋਗੇ, ਮੈਨੂੰਫੈਕਚਰਿੰਗ ਦੀ ਸਾਰੀ ਪ੍ਰੋਸੈਸਿੰਗ ਅਪਰੂਵਡ ਬਿਲਡਿੰਗ ਵਿੱਚ ਹੀ ਪੂਰੀ ਕਰੋਗੇ।
5. ਫਾਰਮੇਸੀ ਦੀ ਬਣਤਰ ਵਿੱਚ ਕੋਈ ਤਬਦੀਲੀ ਬਾਰੇ ਆਪ ਤੁਰੰਤ ਲਾਇਸੈਂਸਿੰਗ ਅਥਾਰਟੀ ਨੂੰ ਸੂਚਿਤ ਕਰੋਗੇ, 2 ਮਹੀਨੇ ਦੇ ਅੰਦਰ-ਅੰਦਰ ਨਵ੍ਹਾਂ ਲਾਇਸੈਸ ਪ੍ਰਾਪਤ ਕਰਗੇ।

6. ਬਣਤਰ ਦੀ ਤਬਦੀਲੀ ਹੋਣ ਤੇ ਪੁਰਾਣੇ ਲਾਇਸੈਂਸ ਤਬਦੀਲੀ ਤੋ 2 ਮਹੀਨੇ ਬਾਅਦ ਤੱਕ ਹੀ ਵੈਲਿਡ ਸਮਝਿਆ ਜਾਵੇਗਾ।

7. ਆਪ ਡਰੱਗ ਅਤੇ ਕਾਸਮੇਟਿਕਸ ਐਕਟ 1940 ਅਤੇ ਡਰੱਗ ਅਤੇ ਕਾਸਮੈਟਿਕਸ. ਰੂਲ 1945 ਦੀ ਧਾਰਾਵਾ ਅਨੁਸਾਰ ਕੰਮ ਕਰੋਗੇ। ਇਨ੍ਹਾਂ ਰੂਲਾਂ ਦੀ ਉਲੰਘਣਾ ਕਰਨ ਤੇ ਆਪਦਾ ਲਾਇਸੈਂਸ ਖਾਰਜ ਕੀਤਾ ਜਾ ਸਕਦਾ ਹੈ।

8. ਮੰਨਜ਼ੂਰ ਸ਼ੁਦਾ ਪੈਂਟੇਟ ਆਯੂਰਵੈਦਿਕ/ਯੂਨਾਨੀ ਦਵਾਈਆਂ ਵਿੱਚ ਪੈਣ ਵਾਲੇ ਘੱਟੋ-ਘੱਟ ਦ੍ਰਵ ਕੇਵਲ ਉਹੀ ਹੋਣਗੇ, ਜੋ ਅਧਿਕਾਰਤ ਆਯੂਰਵੈਦਿਕ/ਯੂਨਾਨੀ ਗ੍ਰੰਥਾਂ ਵਿੱਚ ਦਿੱਤੇ ਫਾਰਮੂਲਿਆਂ ਵਿੱਚ ਦਰਜ ਹਨ।

9. ਲਾਇਸੈਂਸਿੰਗ ਅਧਿਕਾਰੀ ਵੱਲੋ ਪ੍ਰਮਾਣਿਤ ਫਾਰਮੂਲੇ ਹੀ ਫਰਮ ਵੱਲੋ ਤਿਆਰ ਕੀਤੇ ਜਾਣਗੇ।

10. ਲਾਇਸੈਂਸ ਨਵੀਨ ਕਰਵਾਉਣ ਸਮੇਂ ਪ੍ਰਮਾਣਿਤ ਫਾਰਮੂਲਿਆਂ ਦੀ ਲਿਸਟ ਜਿਹੜੇ ਕਿ ਨਵੀਨੀਕਰਿਤ ਲਾਇਸੈਂਸ ਦੀ ਮਿਆਦ ਦੌਰਾਨ ਬਣਾਏ ਜਾਣੇ ਹਨ, ਉਪਲੱਬਧ ਕਰਵਾਏ ਜਾਣ।

Bhullar 27/12/2022

ਸਟੇਟ ਡਰੱਗ ਲਾਇਸੈਂਸਿੰਗ ਅਥਾਰਟੀ।

State Drug Licencing Authority Punjab (Ay.)

ਪਿੱਠ ਅੰਕਣ ਨੰ: ਆਯੂ-ਡੀ1-ਪੰਬ-2022/ ਮਿਤੀ, ਚੰਡੀਗੜ੍ਹ

ਉਤਾਰਾ ਜਿਲ੍ਹਾਂ ਆਯੂਰਵੈਦਿਕ/ਯੂਨਾਨੀ ਅਫਸਰ-ਕਮ-ਡਰੱਗ ਇੰਸਪੈਕਟਰ, ਸੰਗਰੂਰ ਨੂੰ ਉਨਾ ਦੇ ਪੱਤਰ ਨੰ 3023 ਮਿਤੀ 04-11-2022 ਦੇ ਹਵਾਲੇ ਵਿਚ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਜੇਕਰ ਕੋਈ ਫਰਮ ਨਿਯਮਾਂ ਦੀ ਉਲੰਘਣਾ ਕਰਦੀ ਹੈ ਤਾਂ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਸਟੇਟ ਡਰੱਗ ਲਾਇਸੈਂਸਿੰਗ ਅਥਾਰਟੀ।